# ਪਾਠ-5

# ਪੰਜਾਬ ਦੇ ਲੋਕ-ਕਿੱਤੇ ਅਤੇ ਲੋਕ-ਕਲਾਵਾਂ

## ਲੇਖਕ:ਕਿਰਪਾਲ ਕਜ਼ਾਕ

**ਪ੍ਰਸ਼ਨ 1 'ਪੰਜਾਬ ਦੇ ਲੋਕ- ਕਿੱਤੇ ਅਤੇ ਲੋਕ-ਕਲਾਵਾਂ ਪਾਠ ਦੇ ਆਧਾਰ ਤੇ ਦੱਸੋ ਕਿ ਲੋਕ-ਕਿੱਤਿਆਂ ਦੇ ਵੱਖ-ਵੱਖ ਨਾਮ ਕਿਵੇਂ ਪ੍ਰਚੱਲਿਤ ਹੋਏ ?**

**ਉੱਤਰ** : **ਲੋਕ-ਕਿੱਤਿਆਂ ਦੇ ਵੱਖ-ਵੱਖ ਨਾਮ**: ਲੋਕ-ਕਿੱਤੇ ਪ੍ਰਾਚੀਨ ਸਮੇਂ ਤੋਂ ਹੀ ਮਨੁੱਖੀ ਜੀਵਨ-ਜਾਚ ਦਾ ਹਿੱਸਾ ਰਹੇ ਹਨ। ਲੋਕ-ਕਿੱਤਿਆਂ ਦੀ ਮੁਹਾਰਤ ਕਾਰਨ ਸਮਾਜ ਦਾ ਵਿਕਾਸ ਸੰਭਵ ਹੋ ਸਕਿਆ ਹੈ। ਸਮਾਜ ਦੇ ਵਿਕਾਸ ਨਾਲ ਮਨੁੱਖ ਦੇ ਸਾਹਮਣੇ ਸਭ ਤੋਂ ਪਹਿਲਾਂ ਲੋੜ ਪੈਦਾ ਹੋਈ ।ਉਸ ਲੋੜ ਨੂੰ ਮਨੁੱਖ ਸਾਂਝੇ ਰੂਪ ਵਿੱਚ ਮਿਲ ਕੇ ਹੀ ਪੂਰਾ ਕਰ ਸਕਦਾ ਸੀ। ਸਮੇਂ-ਸਮੇਂ ਤੇ ਧਾਤਾਂ ਤੇ ਔਜ਼ਾਰਾਂ ਦੀ ਲੱਭਤ ਦਾ ਵਿਕਾਸ ਹੁੰਦਾ ਗਿਆ ।ਮਨੁੱਖ ਨੇ ਜੰਗਲਾਂ ਅਤੇ ਝੌਂਪੜੀਆਂ ਨੂੰ ਛੱਡ ਕੇ ਪੱਕੇ ਘਰਾਂ ਦੇ ਵਿਕਾਸ ਵੱਲ ਧਿਆਨ ਦਿੱਤਾ ।ਉਸ ਸਮੇਂ ਕੰਮਾਂ ਦੀ ਗਿਣਤੀ ਵਿੱਚ ਵਾਧਾ ਹੋਇਆ ਅਤੇ ਕੰਮਾਂ ਵਿਚ ਵੰਡ ਕਰਨ ਦੀ ਲੋੜ ਮਹਿਸੂਸ ਹੋਈ । ਇਸ ਤਰ੍ਹਾਂ ਵੱਖ-ਵੱਖ ਕੰਮਾਂ ਨੂੰ ਸੁਚੱਜੇ ਢੰਗ ਨਾਲ ਕਰਨ ਵਾਲੀਆਂ ਵੱਖ-ਵੱਖ ਕਾਮਾ ਸ਼੍ਰੇਣੀਆਂ ਹੋਂਦ ਵਿੱਚ ਆਈਆਂ। ਜਦੋਂ ਕੋਈ ਕਾਮਾ ਸ਼੍ਰੇਣੀ ਕਿਸੇ ਕੰਮ ਨੂੰ ਲੰਮੇ ਸਮੇਂ ਲਗਾਤਾਰ ਕਰਦੀ ਰਹੀ ਤਾਂ ਉਸ ਸ਼੍ਰੇਣੀ ਨੂੰ ਉਸ ਕਿੱਤੇ ਨਾਲ ਜਾਣਿਆ ਜਾਣ ਲੱਗਾ। ਇਸ ਤਰ੍ਹਾਂ ਪੰਜਾਬ ਦੇ ਲੋਕ ਕਿੱਤਿਆਂ ਦੇ ਵੱਖ-ਵੱਖ ਨਾਂ ਪ੍ਰਚੱਲਿਤ ਹੋਏ। ਉਦਾਹਰਨ ਵਜੋਂ ਲੱਕੜੀ ਤਰਾਸ਼ਣ ਦਾ ਕਿੱਤਾ ਕਰਨ ਵਾਲੇ ਨੂੰ ਤਰਖਾਣ,ਲੋਹੇ ਦਾ ਕੰਮ ਕਰਨ ਵਾਲੇ ਨੂੰ ਲੁਹਾਰ ,ਸੋਨੇ ਦੇ ਕੰਮ ਕਰਨ ਵਾਲੇ ਨੂੰ ਸੁਨਿਆਰ ਦੇ ਨਾਂ ਨਾਲ ਜਾਣਿਆ ਜਾਣ ਲੱਗਾ । ਇਸ ਤਰ੍ਹਾਂ ਵੱਖ-ਵੱਖ ਨਾਂ ਪ੍ਰਚੱਲਤ ਹੋ ਗਏ ।

**ਸਮਾਜ ਦੇ ਵਿਕਾਸ ਨਾਲ ਮਨੁੱਖ ਦੇ ਸਾਹਮਣੇ ਲੋੜ ਪੈਦਾ ਹੋਣਾ**

↓

**ਕੰਮਾਂ ਦੀ ਗਿਣਤੀ ਵਿੱਚ ਵਾਧਾ ਅਤੇ ਕੰਮਾਂ ਵਿਚ ਵੰਡ ਕਰਨ ਦੀ ਲੋੜ ਮਹਿਸੂਸ ਹੋਣਾ**

↓

**ਕਾਮਾ ਸ਼੍ਰੇਣੀ ਕਿਸੇ ਕੰਮ ਨੂੰ ਲੰਮੇ ਸਮੇਂ ਲਗਾਤਾਰ ਕਰਨ ਨਾਲ ਉਸ ਸ਼੍ਰੇਣੀ ਲਈ ਉਸ ਕਿੱਤੇ ਦਾ ਨਾਮ**

**ਪ੍ਰਸ਼ਨ ' ਪੰਜਾਬ ਦੇ ਲੋਕ-ਕਿੱਤੇ ਅਤੇ ਲੋਕ-ਕਲਾਵਾਂ' ਪਾਠ ਦੇ ਆਧਾਰ 'ਤੇ ਲੋਕ -ਕਿੱਤਾ ਅਤੇ ਲੋਕ-ਧੰਦਾ ਦੇ ਅਰਥਾਂ ਵਿੱਚ ਮਾਮੂਲੀ ਫਰਕ ਹੈ। ਇਸ 'ਤੇ ਚਾਨਣ ਪਾਓ ।**

ਉੱਤਰ: ਲੋਕ -ਕਿੱਤਾ ਅਤੇ ਲੋਕ-ਧੰਦਾ ਲਗਪਗ ਸਮਾਨ ਅਰਥਾਂ ਵਾਲੇ ਸ਼ਬਦ ਹਨ, ਪਰ ਫਿਰ ਵੀ ਦੋਵਾਂ ਵਿੱਚ ਮਾਮੂਲੀ ਫ਼ਰਕ ਹੈ।

**ਲੋਕ-ਧੰਦਾ:** ਲੋਕ ਧੰਦਾ ਅਜਿਹੇ ਕਿੱਤੇ ਨੂੰ ਕਿਹਾ ਜਾਂਦਾ ਹੈ ,ਜਿਸ ਤੋਂ ਧਨ ਪ੍ਰਾਪਤ ਹੋਵੇ । ਧੰਦੇ ਵਿਚ ਕਿਰਤ ਦਾ ਨਿਰਮਾਣ ਜ਼ਰੂਰੀ ਨਹੀਂ ਹੁੰਦਾ ਜਿਵੇਂ ਕਿ ਵਪਾਰ, ਸ਼ਾਹੂਕਾਰੀ ,ਦਲਾਲੀ ਆਦਿ। ਧੰਦੇ ਨੂੰ ਕਿੱਤੇ ਦੇ ਮੁਕਾਬਲੇ ਘੱਟ ਸਤਿਕਾਰ ਨਾਲ ਦੇਖਿਆ ਜਾਂਦਾ ਹੈ ।ਇਸ ਦੀ ਪੁਸ਼ਟੀ '**ਧੰਦ ਪਿੱਟਣਾ** ਮੁਹਾਵਰੇ ਤੋਂ ਕੀਤੀ ਜਾ ਸਕਦੀ ਹੈ । ਕਿਸੇ ਗੁੰਝਲਦਾਰ ਕੰਮ ਨੂੰ ਗੋਰਖਧੰਦਾ ਵੀ ਕਿਹਾ ਜਾਂਦਾ ਹੈ। ਕਿੱਤੇ ਅਤੇ ਧੰਦੇ ਵਿੱਚ ਫ਼ਰਕ ਉਨ੍ਹਾਂ ਸਮਿਆਂ ਵਿੱਚ ਵਧੇਰੇ ਸੀ ਜਦੋਂ ਪਿੰਡਾਂ ਵਿੱਚ ਕੰਮ ਦੇ ਬਦਲੇ ਮਜ਼ਦੂਰੀ ਰੁਪਏ-ਪੈਸੇ ਦੀ ਥਾਂ ਅਨਾਜ ਰੂਪ ਵਿੱਚ ਦਿੱਤੀ ਜਾਂਦੀ ਸੀ ।

**ਲੋਕ-ਕਿੱਤਾ:** ਕਿੱਤਾ, ਉਸ ਨੂੰ ਕਿਹਾ ਜਾਂਦਾ ਹੈ, ਜਿਸ ਕੰਮ ਤੋਂ ਕਿਰਤ ਦਾ ਨਿਰਮਾਣ ਹੋਵੇ। ਹੱਥ ਨਾਲ ਕੀਤੇ ਕੰਮ ਨੂੰ **'ਕਾਰ ਕਰਨੀ'** ਕਿਹਾ ਜਾਂਦਾ ਹੈ। ਕਿੱਤਾ ਉਸ ਨੂੰ ਕਿਹਾ ਜਾਂਦਾ ਹੈ, ਜਿਸ ਕੰਮ ਤੋਂ ਕਿਸੇ ਕਿਰਤ ਦਾ ਨਿਰਮਾਣ ਹੁੰਦਾ ਹੋਵੇ, ਜਿਵੇਂ: ਤਰਖਾਣ, ਲੁਹਾਰ ਜਾਂ ਸੁਨਿਆਰ ਆਦਿ ਦੁਆਰਾ ਬਣਾਈਆ ਵਸਤਾਂ (ਚੀਜ਼ਾਂ)। ਕੁਝ ਕਿੱਤੇ ਅਜਿਹੇ ਹਨ ਜੋ ਲੋਕਾਂ ਦੇ ਮਨੋਰੰਜਨ ਨਾਲ ਸੰਬੰਧਿਤ ਹਨ, ਜਿਵੇਂ, ਬਾਜ਼ੀਗਰ ਅਤੇ ਮਰਾਸੀ ਆਦਿ ਦੇ ਕਿੱਤੇ। ਅਜਿਹੇ ਕਿੱਤਿਆਂ ਵਿੱਚ ਭਾਵੇਂ ਸਥੂਲ (ਛੂਹੀ ਜਾ ਸਕਣ ਵਾਲੀ ਕਿਰਤ ਦਾ ਨਿਰਮਾਣ ਤਾਂ ਨਹੀਂ ਹੁੰਦਾ ਪਰ ਅਸਥੂਲ (ਭਾਵ ਮਹਿਸੂਸ ਕਰਨ ਵਾਲੀ ਕਿਰਤ ਵਜੋਂ ਜਰੂਰ ਨਿਰਮਾਣ ਹੁੰਦਾ ਹੈ, ਜਿਵੇਂ, ਬਾਜ਼ੀਗਰ ਆਪਣੇ ਕਿੱਤੇ ਦੇ ਕਰਤਬਾਂ ਨਾਲ ਸਾਡੇ ਮਨ ਅਤੇ ਚੇਤਨਾ ਵਿੱਚ ਕਈ ਪ੍ਰਕਾਰ ਦੇ ਦ੍ਰਿਸ਼ ਸਿਰਜ ਦਿੰਦੇ ਹਨ। ਮਰਾਸੀ ਆਪਣੀ ਹਾਜ਼ਰ-ਜਵਾਬੀ ਅਤੇ ਭਾਸ਼ਾਈ ਮੁਹਾਰਤ ਨਾਲ ਦਰਸ਼ਕ ਨੂੰ ਕੁਝ ਸਮੇਂ ਲਈ ਕਿਸੇ ਹੋਰ ਸੰਸਾਰ ਵਿੱਚ ਲੈ ਜਾਂਦੇ ਹਨ। ਇਸ ਤਰ੍ਹਾਂ ਇਹ ਕਿੱਤੇ ਵੀ ਇੱਕ ਤਰ੍ਹਾਂ ਆਪਣੇ ਹੁਨਰ ਨਾਲ ਇੱਕ ਤਰ੍ਹਾਂ ਦੀ ਕਿਰਤ ਦਾ ਹੀ ਨਿਰਮਾਣ ਕਰ ਰਹੇ ਹੁੰਦੇ ਹਨ। ਬਾਜ਼ੀਗਰਾਂ ਕੋਲ ਔਜਾਰਾਂ ਦੀ ਥਾਂ ਸਰੀਰ ਅਤੇ ਸਰੀਰ ਦੇ ਅੰਗ ਹੁੰਦੇ ਹਨ ਅਤੇ


ਮਰਾਸੀਆਂ ਕੋਲ ਭਾਸ਼ਾਈ ਮੁਹਾਵਰੇ ਦੀ ਕਲਾ ਹੁੰਦੀ ਹੈ।




**ਪ੍ਰਸ਼ਨ: ਲੋਕ -ਕਿੱਤੇ ਦੀ ਵਿਸ਼ੇਸ਼ਤਾ ਕੀ ਹੈ ? ਲੁਹਾਰ ਅਤੇ ਤਰਖਾਣ ਵਲੋਂ ਬਣਾਏ ਜਾਂਦੇ ਸੰਦਾਂ ਦੇ ਨਾਂ ਦੱਸੋ ?**

**ਉੱਤਰ: ਲੋਕ-ਕਿੱਤੇ ਦੀ ਵਿਸ਼ੇਸ਼ਤਾ** ਇਹ ਹੈ ਕਿ ਉਹ ਸੱਭਿਆਚਾਰ ਅਤੇ ਰਹਿਤਲ ਦੀਆਂ ਲੋੜਾਂ ਲਈ ਜ਼ਰੂਰੀ ਹੈ। ਸਮਾਜ ਵਿੱਚ ਸੱਭਿਆਚਾਰ ਦੇ ਨਿੱਤਪ੍ਰਤੀ ਜੀਵਨ ਵਿੱਚ ਸਾਧਾਰਨ ਤੋਂ ਸਾਧਾਰਨ ਅਤੇ ਵਿਸ਼ੇਸ਼ ਤੋਂ ਵਿਸ਼ੇਸ਼ ਵਿਅਕਤੀ ਲਈ ਲਾਹੇਵੰਦ ਹੈ। ਲੋਕ-ਕਿੱਤਾ **ਪਿਤਾ-ਪੁਰਖੀ** ਕੰਮ ਨੂੰ ਕਿਹਾ ਜਾਂਦਾ ਹੈ, ਜਿਸ ਨੂੰ ਨਵੀਂ ਪੀੜ੍ਹੀ ਆਪਣੇ ਵੱਡੇ-ਵੱਡੇਰਿਆਂ ਤੋਂ ਸਿੱਖਦੀ ਹੈ ਅਤੇ ਫਿਰ ਆਪਣੇ ਤੋਂ ਅਗਲੀ (ਆਉਣ ਵਾਲੀ ਪੀੜ੍ਹੀ) ਨੂੰ ਸਿਖਾ ਕੇ ਉਹਦੇ ਹੱਥਾਂ ਵਿੱਚ ਸੌਂਪ ਦੇਂਦੀ ਹੈ।ਉਦਾਹਰਣ ਵਜੋਂ ਖੇਤੀ ਅਤੇ ਘਰੇਲੂ ਲੋੜਾਂ ਲਈ ਲੁਹਾਰ ਅਤੇ ਤਰਖਾਣ ਦੇ ਕਿੱਤਿਆਂ ਨੂੰ ਲਿਆ ਜਾ ਸਕਦਾ ਹੈ।

**ਲੁਹਾਰ ਤੇ ਤਰਖਾਣ ਦੇ ਬਣਾਏ ਸੰਦ:-** ਲੁਹਾਰ / ਤਰਖਾਣ **ਖੇਤੀ ਦੇ ਕਿੱਤੇ ਲਈ** ਗੱਡਾ, ਸੁਹਾਗਾ, ਹਲ, ਪੰਜਾਲੀ, ਤੰਗਲੀ, ਸਲੰਘ, ਦਾਤਰੀ,ਕਹੀ, ਰੰਬਾ, ਕੁਹਾੜੀ, ਜੂਲਾ, ਘੁਲਾੜੀ ਅਤੇ ਖੂਹ ਵਿੱਚੋਂ ਪਾਣੀ ਕੱਢਣ ਲਈ ਹਰਟ ਆਦਿ ਬਣਾਉਂਦਾ ਰਿਹਾ ਹੈ।
**ਘਰੇਲੂ ਵਰਤੋਂ ਲਈ**, ਮੰਜੀ, ਪੀੜ੍ਹੀ, ਮਧਾਣੀ, ਘੜਵੰਜੀ, ਅਟੇਰਨ, ਚਰਖਾ, ਚੌਂਕੀ, ਸੰਦੂਕ, ਘੋਟਣਾ,ਗਡੀਹਰਾ, ਪੰਘੂੜਾ, ਚਕਲਾ-ਵੇਲਣਾ ਆਦਿ ਗਿਣੇ ਜਾ ਸਕਦੇ ਹਨ।




**ਪ੍ਰਸ਼ਨ:- ਸੁਨਿਆਰ ਅਨੇਕ ਪ੍ਰਕਾਰ ਦੀ ਵੰਨਗੀ ਦੇ ਗਹਿਣੇ ਬਣਾਉਂਦਾ ਹੈ। ਇਸ ਪਾਠ ਦੇ ਅਧਾਰ ਤੇ ਦੱਸੋ ਕਿ ਉਹ ਮਰਦਾਂ ਅਤੇ ਇਸਤਰੀਆਂ ਦੇ ਕਿਹੜੇ-ਕਿਹੜੇ ਗਹਿਣੇ ਬਣਾਉਂਦਾ ਹੈ ?**

**ਉੱਤਰ:** ਜਦੋਂ ਪਿੰਡਾਂ ਅਤੇ ਨਗਰਾਂ ਦਾ ਨਿਰਮਾਣ ਹੋਇਆ ਤਾਂ ਜਿਸ ਕਾਮਾ ਸ਼੍ਰੇਣੀ ਨੇ ਕਿਸੇ ਵੀ ਕੰਮ ਵਿੱਚ ਨਿਪੁੰਨਤਾ ਧਾਰਨ ਕਰ ਲਈ, ਉਸ ਨੂੰ ਉਸਦੇ ਨਾਮ ਨਾਲ ਹੀ ਜਾਣਿਆ ਜਾਣ ਲੱਗਾ। ਜਿਨ੍ਹਾਂ ਵਿਚੋਂ ਸੋਨੇ ਦਾ ਕੰਮ ਕਰਨ ਵਾਲੇ ਕਾਰੀਗਰਾਂ ਨੂੰ ਸੁਨਿਆਰ ਦੇ ਨਾਮ ਨਾਲ ਜਾਣਿਆ ਜਾਣ ਲੱਗਾ। ਸੁਨਿਆਰ ਲੋਕਾਂ ਲਈ ਲੋੜੀਂਦੇ ਗਹਿਣੇ ਤਿਆਰ ਕਰਦੇ ਹਨ। ਗਹਿਣੇ ਅਨੇਕ ਪ੍ਰਕਾਰ ਦੇ ਹੋ ਸਕਦੇ ਹਨ।




**ਇਸਤਰੀਆਂ ਦੇ ਗਹਿਣੇ :-**

**ਕੇਸਾਂ ਜਾਂ ਮੱਥੇ ਦੇ ਗਹਿਣੇ :-** ਇਸਤਰੀ ਦੇ ਕੇਸਾਂ ਵਿੱਚ ਗੁੰਦੇ ਜਾਣ ਵਾਲੇ ਗਹਿਣੇ, ਕਲਿੱਪ, ਸੂਈਆਂ, ਬਘਿਆੜੀ, ਸੱਗੀ-ਫੁੱਲ, ਠੂਠੀਆਂ, ਦਾਉਣੀ, ਟਿੱਕਾ, ਤੱਗਾ, ਸ਼ਿੰਗਾਰ-ਪੱਟੀ ਆਦਿ ਹਨ। ਇਨ੍ਹਾਂ ਵਿਚ ਕੁਝ ਗਹਿਣੇ ਕੇਸਾਂ ਵਿੱਚ ਗੁੰਦੇ ਜਾਂਦੇ ਹਨ ਅਤੇ ਕੁਝ ਉੱਪਰ ਸਜਾਏ ਜਾਂਦੇ ਹਨ ।

**ਕੰਨਾਂ ਵਿੱਚ ਪਹਿਨੇ ਜਾਣ ਵਾਲੇ ਗਹਿਣੇ:-** ਵਾਲੀਆਂ, ਕਾਂਟੇ, ਪਿੱਪਲ-ਪੱਤੀਆਂ, ਢੇਡੂ, ਡ਼ੁਮਕੇ, ਬੁੰਦੇ, ਰੇਲਾਂ, ਡੰਡੀਆਂ, ਲੋਟਣ, ਕੋਕਰੂ ਅਤੇ ਗੋਲਾਂ ਆਦਿ।

**ਨੱਕ ਵਿੰਨ੍ਹ ਕੇ ਪਹਿਨੇ ਜਾਣ ਵਾਲੇ ਗਹਿਣੇ:-** ਪੁਰਾਤਨ ਸਮੇਂ ਵਿੱਚ ਇਸਤਰੀਆਂ ਨੂੰ ਸੱਜਣ-ਫੱਬਣ ਆਦਿ ਦਾ ਸ਼ੌਂਕ ਹੁੰਦਾ ਸੀ। ਉਹ ਬਾਕੀ ਗਹਿਣਿਆਂ ਦੇ ਨਾਲ-ਨਾਲ ਨੱਕ ਵਿੰਨ੍ਹ ਕੇ ਵੀ ਗਹਿਣੇ ਪਹਿਨਦੀਆਂ ਸਨ । ਨੱਕ ਵਿੰਨ੍ਹ ਕੇ ਪਹਿਨੇ ਜਾਣ ਵਾਲੇ ਜ਼ਨਾਨਾ ਗਹਿਣੇ ਨੱਥ, ਬੁਲਾਕ, ਲੋਂਗ, ਕੋਕਾ, ਤੀਲ੍ਹੀ, ਵਾਲਾ, ਬੇਸਰ, ਨੁੱਕਰਾ ਆਦਿ।

**ਗਰਦਨ ਦੁਆਲੇ ਪਹਿਨੇ ਜਾਣ ਵਾਲੇ ਗਹਿਣੇ** :- ਹੰਸ, ਰਾਣੀਹਾਰ, ਤਵੀਤ, ਦਾਖਾਂ, ਚੰਪਾਕਲੀ, ਸੌਕਣ ਮਹੁਰਾ, ਤਵੀਤੜੀਆਂ, ਬੁਘਤੀਆਂ, ਗਾਨੀ, ਜ਼ੰਜੀਰੀ, ਛਿੰਗ-ਤਵੀਤ, ਮੱਖੀ, ਜੁਗਨੀ, ਢੋਲਣ, ਹਮੇਲ ਆਦਿ।

**ਵੀਣੀ 'ਤੇ ਪਹਿਨੇ ਜਾਣ ਵਾਲੇ ਗਹਿਣੇ :-** ਗੋਖੜੂ, ਪਰੀਬੰਦ, ਗਜਰੇ, ਪਹੁੰਚੀ, ਚੂੜੀਆਂ, ਬਾਜ਼ੂਬੰਦ, ਕੰਗਣ, ਵੰਗਾਂ, ਬਾਂਕਾ, ਕਲੀਰੇ ਆਦਿ। ਪੁਰਸ਼ ਆਪਣੀ ਵੀਣੀ 'ਤੇ ਕੜਾ ਪਹਿਨਦੇ ਹਨ।

**ਉਂਗਲਾਂ 'ਤੇ ਪਹਿਨੇ ਜਾਣ ਵਾਲੇ ਗਹਿਣੇ:-** ਮੁੰਦਰੀ,ਛਾਪ,ਕਲੀਚੜੀ,ਆਰਸੀ ਆਦਿ ਹਨ।

| | |
|---|---|
| ਕੇਸਾਂ ਵਿੱਚ ਪਹਿਨੇ ਜਾਣ ਵਾਲੇ ਗਹਿਣੇ | • ਕਲਿੱਪ, ਸੂਈਆਂ, ਬਘਿਆੜੀ, ਸੱਗੀ-ਫੁੱਲ, ਠੂਠੀਆਂ, ਦਾਉਣੀ, ਟਿੱਕਾ, ਤੁੱਗਾ, ਸ਼ਿੰਗਾਰ-ਪੱਟੀ |
| ਕੰਨਾਂ ਵਿੱਚ ਪਹਿਨੇ ਜਾਣ ਵਾਲੇ ਗਹਿਣੇ | • ਵਾਲੀਆਂ, ਕਾਂਟੇ, ਪਿੱਪਲ-ਪੱਤੀਆਂ, ਢੇਡੂ, ਝੁਮਕੇ, ਬੁੰਦੇ, ਰੇਲਾਂ, ਡੰਡੀਆਂ, ਲੋਟਣ, ਕੋਕਰੂ ਅਤੇ ਗੋਲਾਂ |
| ਵੀਣੀ 'ਤੇ ਪਹਿਨੇ ਜਾਣ ਵਾਲੇ ਗਹਿਣੇ | • ਗੋਖੜੂ, ਪਰੀਬੰਦ, ਗਜਰੇ, ਪਹੁੰਚੀ, ਚੂੜੀਆਂ, ਬਾਜ਼ੂਬੰਦ, ਕੰਗਣ, ਵੰਗਾਂ, ਬਾਂਕਾ, ਕਲੀਰੇ |
| ਗਰਦਨ ਦੁਆਲੇ ਪਹਿਨੇ ਜਾਣ ਵਾਲੇ ਗਹਿਣੇ | •ਹੰਸ, ਰਾਣੀਹਾਰ, ਤਵੀਤ, ਦਾਖਾਂ, ਚੰਪਾਕਲੀ, ਸੌਕਣ ਮਹੁਰਾ, ਤਵੀਤੜੀਆਂ, ਬੁਘਤੀਆਂ, ਗਾਨੀ, ਜ਼ੰਜੀਰੀ, ਛਿੰਗ-ਤਵੀਤ, ਮੱਖੀ, ਜੁਗਨੀ, ਢੋਲਣ, ਹਮੇਲ |
| ਉਂਗਲਾਂ 'ਤੇ ਪਹਿਨੇ ਜਾਣ ਵਾਲੇ ਗਹਿਣੇ | • ਮੁੰਦਰੀ, ਛਾਪ, ਕਲੀਚੜੀ, ਆਰਸੀ |
| ਨੱਕ ਵਿੰਨ੍ਹ ਕੇ ਪਹਿਨੇ ਜਾਣ ਵਾਲੇ ਗਹਿਣੇ | • ਨੱਥ, ਬੁਲਾਕ, ਲੌਂਗ, ਕੋਕਾ, ਤੀਲ੍ਹੀ, ਵਾਲਾ, ਬੇਸਰ, ਨੁੱਕਰਾ ਆਦਿ |

## ਮਰਦਾਂ ਦੇ ਗਹਿਣੇ:-

ਔਰਤਾਂ ਦੇ ਮੁਕਾਬਲੇ ਮਰਦ ਬਹੁਤ ਘੱਟ ਗਹਿਣੇ ਪਹਿਨਦੇ ਸਨ ।ਉਹ ਆਪਣੀ ਵੀਣੀ ਵਿੱਚ ਕੜਾ ਪਹਿਨਦੇ ਤੇ ਉਂਗਲਾਂ ਵਿੱਚ ਮੁੰਦਰੀ ਜਾਂ ਛਾਪ ਪਹਿਨਦੇ ਸਨ । ਗਲ ਵਿੱਚ ਕੈਂਠਾ ਪਹਿਨਣਾ ਮਾਣ ਸਮਝਿਆ ਜਾਂਦਾ ਸੀ। ਕਈ ਲੋਕ ਆਪਣੇ ਸ਼ੌਕ ਲਈ ਕੰਨਾਂ ਵਿੱਚ ਮੁੰਦਰਾਂ ਜਾਂ ਨੱਤੀਆਂ ਵੀ ਪਹਿਨ ਲੈਂਦੇ ਸਨ।

## ਪ੍ਰਸ਼ਨ:- ਲੋਕ- ਕਲਾ ਅਤੇ ਸ਼ਾਸਤਰੀ- ਕਲਾ ਵਿੱਚ ਕੀ ਅੰਤਰ ਹੈ ?

ਉੱਤਰ :- **ਲੋਕ-ਕਲਾ**:- ਲੋਕ-ਕਲਾ ਦਾ ਜਨਮ ਮਨੁੱਖ ਦੁਆਰਾ ਕੀਤੇ ਜਾਣ ਵਾਲੇ ਕੰਮਾਂ ਦੇ ਸੁਹਜ, ਸਾਦਗੀ ਅਤੇ ਕਲਾਤਮਿਕ ਗੁਣਾਂ ਵਿੱਚੋਂ ਹੋਇਆ। ਲੋਕ-ਕਲਾ ਆਦਿ-ਮਾਨਵ ਤੋਂ ਹੀ ਮਨੁੱਖ ਦੀ ਮਾਨਸਿਕ ਤ੍ਰਿਪਤੀ ਦਾ ਸਾਧਨ ਰਹੀ ਹੈ। ਇਸ ਤਰ੍ਹਾਂ ਲੋਕ-ਕਲਾ ਪ੍ਰਾਚੀਨ ਪਰੰਪਰਾ ਹੈ। ਉਦਾਹਰਨ ਲਈ ਪ੍ਰਾਚੀਨ ਸਿੰਧ ਘਾਟੀ ਦੀ ਖੁਦਾਈ ਵਿੱਚੋਂ ਮਿਲੀਆਂ ਮੂਰਤੀਆਂ, ਗਹਿਣੇ, ਠੀਕਰੀਆਂ, ਮੋਹਰਾਂ 'ਤੇ ਉੱਕਰੇ ਚਿੱਤਰ, ਮਿੱਟੀ ਦੇ ਭਾਂਡਿਆਂ ਉੱਤੇ ਅੰਕਿਤ ਚਿੱਤਰਕਾਰੀ ਦੇ ਨਮੂਨੇ ਅਤੇ

ਨਾਚੀ ਦੀ ਮੁਦਰਾ ਵਿੱਚ ਮਿਲੀ ਮੂਰਤੀ ਜਿੱਥੇ ਪੰਜਾਬ ਦੀ ਪ੍ਰਾਚੀਨ ਲੋਕ-ਕਲਾ ਨੂੰ ਪ੍ਰਗਟ ਕਰਦੇ ਹਨ, ਉੱਥੇ ਪੰਜਾਬ ਦੀ ਲੋਕ-ਕਲਾ ਨੂੰ ਕਲਾਤਮਿਕ ਵਿਰਸੇ ਨਾਲ ਵੀ ਜੋੜਦੇ ਹਨ।

**ਅਜਿਹੀ ਕਲਾ ਜੋ ਕਿਸੇ ਸਮਾਨ ਪਰੰਪਰਾ ਵਾਲੇ ਸੱਭਿਆਚਾਰ ਦੇ ਮਨੁੱਖੀ ਸਮੂਹ ਦੀਆਂ ਮਾਨਸਿਕ ਭਾਵਨਾਵਾਂ ਨੂੰ ਪ੍ਰਗਟਾਉਂਦੀ ਹੋਵੇ ਅਤੇ ਵਿਰਸੇ ਵਿੱਚੋਂ ਪ੍ਰਾਪਤ ਹੁੰਦੀ ਹੋਵੇ, ਲੋਕ-ਕਲਾ ਹੈ।**

**ਸਰਲਤਾ ਅਤੇ ਸਾਦਗੀ** ਲੋਕ-ਕਲਾ ਦੇ ਵਿਸ਼ੇਸ਼ ਗੁਣ ਹਨ।ਪੰਜਾਬ ਦੀ ਲੋਕ-ਕਲਾ ਭਾਵੇਂ ਨਿਰੰਤਰ ਪਰਿਵਰਤਨਸ਼ੀਲ ਰਹੀ ਹੈ ਪਰ ਇਹ ਸਦਾ ਸੰਵੇਦਨਸ਼ੀਲ, ਸਾਦੀ ਅਤੇ ਮਾਨਵੀ ਮੁੱਲਾਂ ਵਾਲੀ ਰਹੀ ਹੈ।

**ਸ਼ਾਸਤਰੀ-ਕਲਾ :-**ਜਿਵੇਂ-ਜਿਵੇਂ ਲੋਕ-ਕਲਾ ਵਿੱਚ ਨਿਖਾਰ ਆਉਂਦਾ ਗਿਆ ਤਿਵੇਂ-ਤਿਵੇਂ ਕਲਾ ਦੇ ਨਿਯਮ ਬਣਦੇ ਗਏ। ਜਿਸ ਕਲਾ ਦਾ ਲਿਖਤੀ ਸ਼ਾਸ਼ਤਰ ਬਣ ਗਿਆ, ਉਹ ਲੋਕ-ਕਲਾ ਸ਼ਾਸਤਰੀ-ਕਲਾ ਦੇ ਘੇਰੇ ਵਿੱਚ ਚਲੀ ਗਈ। ਇਹ ਕਲਾ ਭਾਵੇਂ ਨਾਚ ਹੋਣ ਜਾਂ ਚਿੱਤਰਕਾਰੀ ਹੋਵੇ। ਇੱਥੇ ਇਹ ਗੱਲ ਸਪਸ਼ਟ  ਕਰ ਦੇਣੀ ਬਣਦੀ ਹੈ ਕਿ ਸਾਸ਼ਤਰੀ-ਕਲਾ ਜਿੱਥੇ ਬੱਝਵੇਂ ਨਿਯਮਾਂ ਵਾਲੀ ਹੈ, ਉੱਥੇ ਲੋਕ-ਕਲਾ ਦੇ ਨਿਯਮ ਲਚਕੀਲੇ ਹੁੰਦੇ ਹਨ। ਫਿਰ ਵੀ ਲੋਕ-ਕਲਾ ਅਤੇ ਸ਼ਾਸਤਰੀ- ਕਲਾ ਵਿੱਚ ਸੁਹਜ ਦੀ ਤਾਂਘ ਅਤੇ ਮਨੋਰੰਜਨ ਜਿਹੇ ਗੁਣ ਸਾਂਝੇ ਹਨ।




**ਪ੍ਰਸ਼ਨ 7 ਪੰਜਾਬ ਦੀਆਂ ਬਹੁਤੀਆਂ ਕਲਾਵਾਂ ਦੀਆਂ ਸਿਰਜਕ ਇਸਤਰੀਆਂ ਰਹੀਆਂ  ਹਨ।  ਇਸ ਬਾਰੇ ਖੋਲ੍ਹ ਕੇ ਚਾਨਣਾ ਪਾਓ ?**

ਉੱਤਰ: ਪੰਜਾਬ ਦੀਆਂ ਲੋਕ- ਕਲਾਵਾਂ ਦੀ ਸਿਰਜਕ ਇਸਤਰੀਆਂ ਰਹੀਆਂ ਹਨ। ਇਸ ਦੇ ਕਈ ਕਾਰਨ ਹਨ :-

**ਕੋਮਲ ਮਨ :** ਲੋਕ-ਕਲਾਵਾਂ ਸੁਹਜ ਦੀਆਂ ਪ੍ਰਤੀਕ ਹੁੰਦੀਆਂ ਹਨ, ਕਿਉਂਕਿ ਇਸਤਰੀਆਂ ਦਾ ਮਨ ਕੋਮਲ ਹੁੰਦਾ ਹੈ। ਸ਼ਾਇਦ ਇਸੇ ਲਈ ਪੰਜਾਬ ਦੀ ਲੋਕ-ਕਲਾ ਮੰਗਲ ਕਾਮਨਾ ਦੀ ਭਾਵਨਾ ਨੂੰ ਦਰਸਾਉਂਦੀ ਹੈ। ਲੋਕ-ਕਲਾ ਪ੍ਰੇਮ ਭਾਵਨਾ ਵਾਲੀ ਅਤੇ ਅਡੰਬਰ ਤੋਂ ਮੁਕਤ ਹੁੰਦੀ ਹੈ। ਲੋਕ-ਕਲਾ ਵਿੱਚ ਲੋਕਾਂ ਦੇ ਜੀਵਨ ਦਾ ਸੁਖਾਂਤਿਕ ਪਹਿਲੂ ਸ਼ਾਮਿਲ ਹੁੰਦਾ ਹੈ।

**ਚੌਗਿਰਦੇ ਵਿੱਚੋਂ ਸਮਾਨ ਦੀ ਪ੍ਰਾਪਤੀ:-** ਲੋਕ-ਕਲਾ ਦੀਆਂ ਸਿਰਜਕ ਇਸਤਰੀਆਂ ਹਨ, ਕਿਉਂਕਿ ਇਨ੍ਹਾਂ ਨੂੰ ਸਮੱਗਰੀ ਨੇੜੇ ਦੇ ਚੌਗਿਰਦੇ ਵਿੱਚੋਂ ਹੀ ਮਿਲ ਜਾਂਦੀ ਹੈ। ਇਹ ਭਾਵੇਂ ਬਾਗ਼, ਫੁਲਕਾਰੀ ਆਦਿ ਦੀ ਕਢਾਈ ਹੋਵੇ, ਜਾਂ ਭਾਂਡੇ ਰੱਖਣ ਵਾਲੀਆਂ ਟਾਟਾਂ (ਪੜਛੱਤੀਆਂ), ਹਾਰੇ, ਭੜੋਲੇ, ਭੜੋਲੀਆਂ, ਚੁੱਲ੍ਹੇ ਚੌਂਕੇ ਦੇ ਓਟੇ ਜਾਂ ਕੰਧਾਂ ਉੱਤੇ ਮਿੱਟੀ, ਪਾਂਡੂ-ਮਿੱਟੀ, ਨੀਲ, ਚੂਨੇ, ਹਿਰਮਚੀ, ਹਲਦੀ, ਕਾਲਖ, ਕੇਸ, ਸ਼ਿੰਗਰਫ਼, ਖੜੀਆ ਜਾਂ ਪੀਲੀ ਮਿੱਟੀ ਦੇ ਘੋਲ ਨਾਲ ਅਨੇਕ ਪ੍ਰਕਾਰ ਦੇ ਨਮੂਨੇ ਹੀ ਬਣਾਏ ਕਿਉਂ ਨਾ ਹੋਣ। ਇਨ੍ਹਾਂ ਸਾਰੀਆਂ ਲੋਕ-ਕਲਾਵਾਂ ਵਿਚ ਸਾਰੀ ਸਮੱਗਰੀ ਇਸਤਰੀਆਂ ਨੂੰ ਆਪਣੇ ਆਲੇ-ਦੁਆਲੇ ਤੋਂ ਸੌਖੀ ਪ੍ਰਾਪਤ ਹੁੰਦੀ ਹੈ। ਭਾਵੇਂ ਉਹ ਛਿੱਕੂ, ਕੱਤਣੀ ਆਦਿ ਲਈ ਖਜੂਰ ਦੇ ਪੱਤੇ (ਪੱਤਰ) ਅਤੇ ਦੱਭ (ਘਾਹ) ਹੋਵੇ ਜਾਂ ਪਾਂਡੂ ਮਿੱਟੀ ਅਤੇ ਨੀਲ ਆਦਿ ਦੇ ਰੰਗ ਹੀ ਕਿਉਂ ਨਾ ਹੋਣ। ਇਹ ਸਧਾਰਨ ਵਸਤਾਂ ਜਦੋਂ ਕਿਸੇ ਲੋਕ-ਕਲਾ ਦੀ ਵੰਨਗੀ ਵਿੱਚ ਢਲ ਕੇ ਪੇਸ਼ ਹੁੰਦੀਆਂ ਹਨ ਤਾਂ ਪੰਜਾਬ ਦੀ ਲੋਕ-ਕਲਾ ਦੇ ਗੌਰਵ ਦਾ ਪਤਾ ਲਗਦਾ ਹੈ।

**ਇਸਤਰੀਆਂ ਦੀ ਰੁਚੀ :-**ਲੋਕ-ਕਲਾਵਾਂ ਵਿੱਚ ਇਸਤਰੀਆਂ ਦੀ ਰੁਚੀ ਵਧੇਰੇ ਹੁੰਦੀ ਹੈ। ਘਰ ਵਿੱਚ ਨਿੱਤ ਵਰਤੋਂ ਦੀਆਂ ਚੀਜ਼ਾਂ ਬਣਾਉਣੀਆਂ, ਘਰ ਨੂੰ ਸਜਾਉਣਾ, ਕੰਧਾਂ ਤੇ ਬਣਾਏ ਫੁੱਲ-ਪੱਤੇ, ਮੋਰਨੀਆਂ, ਮਿੱਟੀ ਵਿੱਚ ਬਰੀਕ ਤੂੜੀ ਰਲਾ ਕੇ ਕੰਧਾਂ, ਹਾਰਿਆਂ ਤੇ ਬਣਾਏ ਉੱਭਰਵੇਂ ਚਿੱਤਰ ਲੋਕ-ਕਲਾਵਾਂ ਦੇ ਨਮੂਨੇ ਹਨ। ਭਾਵੇਂ ਇਹ ਚਿੱਤਰ ਸਾਦੇ ਤੇ ਬੇਡੌਲ ਲੱਗਦੇ ਹਨ। ਪਰ ਇਹ ਬਿਨਾਂ ਕਿਸੇ ਉਚੇਚ ਤੋਂ ਇਸਤਰੀਆਂ ਦੇ ਅਚੇਤ ਮਨ ਦੀ ਸਿਰਜਣਾ ਹੁੰਦੇ ਹਨ। ਇਸਤਰੀਆਂ ਆਪਣੀਆਂ ਰੁਚੀਆਂ ਲੋਕ-ਕਲਾਵਾਂ ਵਿੱਚੋਂ ਪ੍ਰਫੁਲਿਤ ਕਰਦੀਆਂ ਹਨ।

**ਸਮਾਂ:-** ਮਰਦਾਂ ਦੇ ਮੁਕਾਬਲੇ ਇਸਤਰੀਆਂ ਕੋਲ ਸਮਾਂ ਵਧੇਰੇ ਹੋਣ ਕਰਕੇ ਉਨ੍ਹਾਂ ਦਾ ਕੋਮਲ ਮਨ ਲੋਕ-ਕਲਾਵਾਂ ਸਿਰਜਣ ਵੱਲ ਰੁਚਿਤ ਹੋ ਗਿਆ। ਆਪਣੇ ਘਰਾਂ ਦੀਆਂ ਕੰਧਾਂ ਸਜਾਉਣਾ,ਓਟਿਆਂ ਨੂੰ ਸਜਾਉਣਾ, ਆਪਣੇ ਲਈ ਬਾਗ਼ ਤੇ ਫੁਲਕਾਰੀ ਕੱਢਣਾ ਅਤੇ ਮੰਗਲ ਕਾਰਜਾਂ ਵਿੱਚ ਸਾਂਝੀ ਅਤੇ ਅਹੋਈ ਮਾਈ ਦੇ ਚਿੱਤਰ ਬਣਾਉਣਾ, ਉਨ੍ਹਾਂ ਦੇ ਸਮੇਂ ਦੀ ਉੱਤਮ ਵਰਤੋਂ ਰਿਹਾ ਹੈ।



**ਪ੍ਰਸ਼ਨ :- ਇਸ ਲੇਖ ਦੇ ਆਧਾਰ ਤੇ ਬਾਗ਼ ਦੀ ਕਢਾਈ ਲੋਕ-ਕਲਾ ਦੀ ਵਿਸ਼ੇਸ਼ ਕਿਸਮ ਮੰਨੀ ਹੈ। ਦੱਸੋ ਕਿਵੇਂ ?**

ਉੱਤਰ:-ਲੋਕ-ਕਲਾ ਇੱਕ ਪੀੜ੍ਹੀ, ਦੂਜੀ ਪੀੜ੍ਹੀ ਤੋਂ ਬਿਨਾਂ ਕਿਸੇ ਉਚੇਚ ਦੇ ਸਿੱਖਦੀ ਹੈ। ਇਸ ਲਈ ਇਹ ਚਿੱਤਰ ਅਚੇਤ ਮਨ ਦੀ ਸਿਰਜਣਾ ਹੁੰਦੇ ਹਨ। ਪੰਜਾਬ ਦੀ ਲੋਕ-ਕਲਾ ਵਿੱਚ ਬਾਗ਼ ਤੇ ਫੁਲਕਾਰੀ ਦੀ ਕਢਾਈ ਦੀ ਵਿਸ਼ੇਸ਼ ਥਾਂ ਰਹੀ ਹੈ। ਬਾਗ਼ ਦੀ ਕਢਾਈ ਲੋਕ-ਕਲਾ ਦੀ ਵਿਸ਼ੇਸ਼ ਕਿਸਮ ਮੰਨੀ ਗਈ ਹੈ। ਰੰਗਾਈ ਕੀਤੇ ਖੱਦਰ ਦੇ ਕੱਪੜੇ ਉੱਤੇ ਚੌਰਸ, ਤਿਕੋਣੇ, ਛੇ-ਕਲੀਏ, ਅੱਠ-ਕਲੀਏ ਜਾਂ ਚੋਪੜ ਦੇ ਖ਼ਾਨਿਆਂ ਵਾਲੇ ਨਮੂਨਿਆਂ ਨੂੰ ਇਸ ਤਰ੍ਹਾਂ ਵਿਓਂਤ ਕੇ ਰੰਗ-ਬਰੰਗੇ ਧਾਗਿਆਂ ਨਾਲ ਕਢਾਈ ਕੀਤੀ ਜਾਂਦੀ ਸੀ ਕਿ ਕੱਪੜੇ ਦੀ ਕਢਾਈ ਤੋਂ ਬਿਨਾਂ ਕੋਈ ਖ਼ਾਲੀ ਥਾਂ ਨਹੀਂ ਸੀ ਦਿਸਦੀ। ਕਢਾਈ ਲਈ ਗੂੜ੍ਹੇ ਰੰਗ ਦਾ ਰੇਸ਼ਮੀ ਧਾਗਾ ਵਰਤਿਆ ਜਾਂਦਾ ਸੀ। ਬਾਗ਼ ਦੀ ਕਢਾਈ ਮੁਕੰਮਲ ਕਰਨ ਸਮੇਂ ਇੱਕ ਨੁੱਕਰ `ਤੇ ਥੋੜ੍ਹੀ ਜਿਹੀ ਖ਼ਾਲੀ ਥਾਂ ਛੱਡ ਕੇ ਕਾਲੇ ਰੰਗ ਦੇ ਧਾਗੇ ਨਾਲ ਇੱਕ ਨਿੱਕੀ ਬੂਟੀ ਕੱਢ ਦਿੱਤੀ ਜਾਂਦੀ ਸੀ ਤਾਂਕਿ ਕਢਾਈ ਦੇ ਨਮੂਨਿਆਂ ਨੂੰ ਕਿਸੇ ਦੀ ਨਜ਼ਰ ਨਾ ਲੱਗੇ। ਫੁਲਕਾਰੀ ਦੀ ਕਢਾਈ, ਰੰਗਾਈ ਕੀਤੇ ਖੱਦਰ ਦੇ ਕੱਪੜੇ 'ਤੇ ਬੂਟੀਆਂ ਦੇ ਨਮੂਨੇ ਵਜੋਂ ਅਤੇ ਕੱਪੜੇ ਦੇ ਪੁੱਠੇ ਪਾਸਿਓਂ ਧਾਗ ਗਿਣ ਕੇ ਕੀਤੀ ਜਾਂਦੀ ਸੀ। ਫੁਲਕਾਰੀ ਦਾ ਹੁਨਰ ਲੋਕ-ਕਲਾ ਦੀ ਸਿਖਰ ਮੰਨਿਆ ਜਾਂਦਾ ਹੈ। ਫੁਲਕਾਰੀ ਦੇ ਕਈ ਨਮੂਨੇ ਪ੍ਰਚਲਿਤ ਹਨ, ਜਿਨ੍ਹਾਂ ਵਿੱਚ ਚੋਪ, ਸੁੱਭਰ, ਤਿਲਪੱਤਰਾ ਅਤੇ ਨੀਲਕ ਆਦਿ ਪ੍ਰਸਿੱਧ ਹਨ।




**ਪ੍ਰਸ਼ਨ :-ਫੁਲਕਾਰੀ ਦੀ ਕਢਾਈ ਦੇ ਹੁਨਰ ਨੂੰ ਲੋਕ- ਕਲਾ ਦਾ ਸਿਖਰ ਕਿਉਂ ਮੰਨਿਆ ਜਾਂਦਾ ਹੈ ?**

ਉੱਤਰ :- ਫੁਲਕਾਰੀ ਦੀ ਕਢਾਈ ਰੰਗਾਈ ਕੀਤੇ ਖੱਦਰ ਦੇ ਕੱਪੜੇ ਤੇ ਪੁੱਠੇ ਪਾਸਿਉਂ(ਧਾਗੇ ਗਿਣ ਕੇ) ਕੀਤੀ ਜਾਂਦੀ ਸੀ। ਫੁਲਕਾਰੀ ਦਾ ਹੁਨਰ ਲੋਕ-ਕਲਾ ਦੀ ਸਿਖਰ ਮੰਨਿਆ ਜਾਂਦਾ ਹੈ। ਫੁਲਕਾਰੀ ਦੇ ਕਈ ਨਮੂਨੇ ਪ੍ਰਚਲਿਤ ਹਨ, ਜਿਨ੍ਹਾਂ ਵਿੱਚੋਂ ਚੋਪ,ਸੁੱਭਰ, ਤਿਲਪੱਤਰਾ ਅਤੇ ਨੀਲਕ ਆਦਿ ਪ੍ਰਸਿੱਧ ਹਨ।


**ਚੋਪ ਅਤੇ ਸੁੱਭਰ÷** ਚੋਪ ਅਤੇ ਸੁੱਭਰ ਵਿਆਹ ਦੀਆਂ ਫੁਲਕਾਰੀਆਂ ਹਨ। ਇਹ ਦੋਵੇਂ ਕਿਸਮ ਦੀਆਂ ਫੁਲਕਾਰੀਆਂ ਨਾਨਕੇ ਲੜਕੀ ਲਈ ਨਾਨਕ-ਛੱਕ ਦੇ ਰੂਪ ਵਿੱਚ ਲੈ ਕੇ ਆਉਂਦੇ ਸਨ। ਚੋਪ, ਸਧਾਰਨ ਫੁਲਕਾਰੀ ਨਾਲੋਂ ਕੁਝ ਵੱਡੀ ਹੁੰਦੀ ਹੈ ਅਤੇ ਇਸ ਦੀ ਕਢਾਈ ਖ਼ਾਸ ਗੁੰਝਲਦਾਰ ਤੋਪੇ ਨਾਲ ਕੀਤੀ ਜਾਂਦੀ ਸੀ। ਸੁੱਭਰ, ਗੂੜੇ ਲਾਲ ਰੰਗ ਦਾ ਕਢਾਈ ਕੀਤਾ ਖੱਦਰ ਹੁੰਦਾ ਸੀ ਜਿਸ ਦੀਆਂ ਚਾਰ ਨੁੱਕਰਾਂ 'ਤੇ ਕਢਾਈ ਕੀਤੀ ਜਾਂਦੀ ਸੀ ਅਤੇ ਵਿਚਕਾਰ ਪੰਜ-ਸੱਤ ਬੂਟੀਆਂ ਕੱਢੀਆਂ ਜਾਂਦੀਆਂ ਸਨ। ਸੁੱਭਰ ਵਿਆਹ ਵਿੱਚ ਫੇਰਿਆਂ ਸਮੇਂ, ਲਾੜੀ ਆਪਣੇ ਸਿਰ ਉੱਪਰ ਲੈਂਦੀ ਸੀ।

**ਤਿਲਪੱਤਰਾ ਅਤੇ ਨੀਲਕ:-** ਤਿਲਪੱਤਰਾ ਸਧਾਰਨ ਕਿਸਮ ਦੀ ਫੁਲਕਾਰੀ ਮੰਨੀ ਗਈ ਹੈ ਕਿਉਂਕਿ ਇਸ ਦੀ ਕਢਾਈ ਸਾਧਾਰਨ ਅਤੇ ਵਿਰਲੇ ਨਮੂਨਿਆਂ ਵਾਲੀ ਹੁੰਦੀ ਹੈ।

**ਨੀਲਕ** ਵੰਨਗੀ ਦੀ ਫੁਲਕਾਰੀ, ਨੀਲੇ ਰੰਗ ਦੇ ਖੱਦਰ `ਤੇ ਪੀਲੇ ਜਾਂ ਲਾਲ ਰੰਗ ਦੇ ਧਾਗੇ ਨਾਲ ਕੀਤੀ ਕਢਾਈ ਨੂੰ ਕਹਿੰਦੇ ਹਨ | ਨੀਲੇ ਰੰਗ ਦੀ ਭਾਹ ਮਾਰਨ ਕਾਰਨ ਹੀ ਇਸ ਨੂੰ ਨੀਲਕ ਕਿਹਾ ਜਾਂਦਾ ਹੈ।ਛਮਾਸ ਫੁਲਕਾਰੀ ਦੀ ਕਢਾਈ ਸ਼ੀਸ਼ੇ ਦੇ ਟੁਕੜੇ ਲਾ ਕੇ ਕੀਤੀ ਜਾਂਦੀ ਸੀ।

**ਘੂੰਗਟ ਬਾਗ਼:-** ਫੁਲਕਾਰੀ ਦੀ ਕਢਾਈ ਵਿੱਚ ਘੁੰਗਟ ਬਾਗ਼ ਦਾ ਵੀ ਵਿਸ਼ੇਸ਼ ਸਥਾਨ ਹੈ। ਘੁੰਗਟ ਬਾਗ਼ ਦੀ ਕਢਾਈ ਤਿਕੋਣੇ ਨਮੂਨੇ ਵਿੱਚ ਸਿਰ ਅਤੇ ਮੱਥੇ ਉੱਪਰ ਆਉਣ ਵਾਲੇ ਹਿੱਸੇ 'ਤੇ ਕੀਤੀ ਹੁੰਦੀ ਹੈ।

ਫੁਲਕਾਰੀ ਕਢਾਈ ਦੀਆਂ ਸਾਰੀਆਂ ਵੰਨਗੀਆਂ ਹੀ ਖੱਦਰ ਦੇ ਕੱਪੜੇ ਨਾਲ ਸੰਬੰਧ ਰੱਖਦੀਆਂ ਹਨ। ਸਧਾਰਨ ਖੱਦਰ ਤੋਂ ਬਿਨਾਂ ਲਾਲ ਰੰਗ ਦਾ ਮੁਲਾਇਮ ਖੱਦਰ ਵੀ ਇਸਤੇਮਾਲ ਕੀਤਾ ਜਾਂਦਾ ਸੀ ਜਿਸ ਨੂੰ ਹਲਵਾਨ ਕਿਹਾ ਜਾਂਦਾ ਸੀ। ਕਢਾਈ ਲਈ ਰੰਗਦਾਰ ਰੇਸ਼ਮੀ ਧਾਗੇ ਦੀ ਵਰਤੋਂ ਕੀਤੀ ਜਾਂਦੀ ਸੀ। ਅਜੋਕੇ ਸਮੇਂ ਵਿੱਚ ਫੁਲਕਾਰੀ ਕਢਾਈ ਦੇ ਕੱਪੜੇ ਦੀ ਵੰਨਗੀ ਵਿੱਚ ਕਾਫ਼ੀ ਤਬਦੀਲੀ ਆ ਗਈ ਹੈ।




**ਪ੍ਰਸ਼ਨ ÷ ਬਾਗ਼ ਅਤੇ ਫੁਲਕਾਰੀ ਦੀ ਲੋਕ-ਕਲਾਵਾਂ ਤੋਂ ਇਲਾਵਾ ਲੋਕ- ਕਲਾ ਦੀਆਂ ਹੋਰ ਕਿਹੜੀਆਂ ਵੰਨਗੀਆਂ ਹਨ?**

ਉੱਤਰ:- ਬਾਗ਼ ਫੁਲਕਾਰੀ ਲੋਕ-ਕਲਾਂ ਤੋਂ ਇਲਾਵਾ ਪੰਜਾਬ ਦੀਆਂ ਲੋਕ ਕਲਾਵਾਂ ਵਿੱਚ ਕਈ ਹੋਰ ਵੰਨਗੀਆਂ ਵੀ ਹਨ।

**ਦਰੀਆਂ, ਨਾਲਿਆਂ, ਨਵਾਰ ਅਤੇ ਖੇਸੀਆਂ ਦੀ ਬੁਣਤੀ:-** ਦਰੀਆਂ, ਨਾਲਿਆਂ, ਨਵਾਰ (ਨੁਮਾਰ) ਅਤੇ ਖੇਸੀਆਂ ਦੀ ਬੁਣਤੀ ਗਿਣੀਆਂ ਜਾ ਸਕਦੀਆਂ ਹਨ। ਦਰੀਆਂ ਅਤੇ ਨਵਾਰ ਇਸਤਰੀਆਂ ਅੱਡੇ ਬਣਾ ਕੇ ਬੁਣਦੀਆਂ ਹਨ ਅਤੇ ਖੇਸੀਆਂ ਖੱਡੀ 'ਤੇ ਬੁਣੀਆਂ ਜਾਂਦੀਆਂ ਹਨ। ਨਾਲੇ ਛੋਟੇ ਅੱਡੇ 'ਤੇ ਕਾਨਿਆਂ ਨਾਲ ਬੁਣੇ ਜਾਂਦੇ ਹਨ। ਨਾਲਿਆਂ ਦੀ ਬੁਣਤੀ ਅਤੇ ਦਰੀਆਂ ਦੀ ਬੁਣਤੀ ਵਿੱਚ ਪਾਏ ਅਨੇਕ ਤਰ੍ਹਾਂ ਦੇ ਰੰਗਦਾਰ ਨਮੂਨੇ ਪੰਜਾਬ ਦੀ ਲੋਕ-ਕਲਾ ਦਾ ਅਮੀਰ ਖ਼ਜ਼ਾਨਾ ਹਨ। ਅਜੋਕੇ ਸਮੇਂ ਵਿੱਚ ਵਧੀਆਂ ਹੋਈਆਂ ਲੋੜਾਂ ਨੂੰ ਮੁੱਖ ਰੱਖਦੇ ਹੋਏ ਇਹ ਕੰਮ ਮਸ਼ੀਨਾਂ ਰਾਹੀਂ ਹੋਣ ਲੱਗ ਪਏ ਹਨ।

**ਪੱਖੀਆਂ,ਝੋਲਿਆਂ ਜਾਂ ਰੁਮਾਲਾਂ ਦੀ ਕਢਾਈ:-** ਪੰਜਾਬ ਦੀਆਂ ਲੋਕ-ਕਲਾਵਾਂ ਵਿੱਚ ਪੱਖੀਆਂ ਦੀ ਨਮੂਨੇਦਾਰ ਬੁਣਤੀ, ਝੋਲਿਆਂ ਜਾਂ ਰੁਮਾਲਾਂ ਆਦਿ 'ਤੇ ਕਢਾਈ ਵੀ ਵਰਣਨਯੋਗ ਹੈ।

**ਬੋਹੀਏ, ਗੋਹਟੇ ਆਦਿ ਬਣਾਉਣਾ:-** ਗਾਚਨੀ ਜਾਂ ਮੁਲਤਾਨੀ ਮਿੱਟੀ ਵਿੱਚ ਕਾਗਜ਼ ਜਾਂ ਗੱਤਾ ਰਲਾ ਕੇ ਬੋਹੀਏ, ਗੋਹਟੇ ਪੰਜਾਬ ਦੀ ਲੋਕ-ਕਲਾ ਦਾ ਬਹੁਤ ਮਹੱਤਵਪੂਰਨ ਹਿੱਸਾ ਹਨ।




**ਪ੍ਰਸ਼ਨ :- ਨਵਰਾਤਿਆਂ ਦੇ ਦਿਨਾਂ ਦੇ ਦੌਰਾਨ ਕੁੜੀਆਂ ਵੱਲੋਂ ਬਣਾਈਆਂ ਮਿੱਟੀ ਦੀਆਂ ਮੂਰਤੀਆਂ ਬਾਰੇ ਭਰਪੂਰ ਜਾਣਕਾਰੀ ਦਿਓ?**

ਉੱਤਰ :- ਪੰਜਾਬ ਦੀਆਂ ਲੋਕ-ਕਲਾਵਾਂ ਵਿੱਚ ਸਾਂਝੀ ਅਤੇ ਅਹੋਈ ਦੀਆਂ ਮੂਰਤੀਆਂ ਬਣਾਉਣ ਦੀ ਵੀ ਵਿਸ਼ੇਸ਼ ਮਹੱਤਤਾ ਹੈ। ਨਵਰਾਤਿਆਂ ਦੇ ਆਉਣ ਤੋਂ ਕੁਝ ਦਿਨ ਪਹਿਲਾਂ ਕੁੜੀਆਂ ਗਿੱਲੀ ਮਿੱਟੀ ਦੀਆਂ ਟਿੱਕੀਆਂ (ਚੰਦੂਏ) ਰੰਗ ਕੇ ਰੱਖ ਲੈਂਦੀਆਂ

ਹਨ। ਪਹਿਲੇ ਨਰਾਤੇ ਵਾਲੇ ਦਿਨ ਇਹਨਾਂ ਟਿੱਕੀਆਂ ਨੂੰ ਕੰਧ ਉੱਪਰ ਗੋਹੇ ਨਾਲ ਕੋਈ ਸਾਂਝੀ ਮਾਈ, ਕੋਈ ਬਰੋਟੇ ਦੀ ਮੂਰਤੀ ਬਣਾ ਕੇ, ਮਿੱਟੀ ਦੀਆਂ ਟਿੱਕੀਆਂ ਨੂੰ ਜੋੜ ਦੇਂਦੀਆਂ ਹਨ। ਫੇਰ ਕੁੜੀਆਂ ਆਥਣ ਵੇਲੇ ਸਾਂਝੀ ਦੇਵੀ ਅੱਗੇ ਹਰ ਰੋਜ਼ ਦੀਵੇ ਜਗਾ ਕੇ ਗੀਤ ਗਾਉਂਦੀਆਂ ਮੱਥਾ ਟੇਕਦੀਆਂ ਹਨ, ਦਸਵੇਂ ਦਸਹਿਰੇ ਵਾਲੇ ਦਿਨ ਕੰਧ 'ਤੇ ਬਣਾਈ ਮੂਰਤੀ ਉਤਾਰ ਕੇ ਤੇ ਖੇਤਰੀ ਪਾਣੀ ਵਿੱਚ ਰੋੜ੍ਹ ਦੇਂਦੀਆਂ ਹਨ। ਇਵੇਂ ਹੀ ਇਸਤਰੀਆਂ ਜਿੱਥੇ ਸ਼ਤੀਰਾਂ ਅਤੇ ਕੜੀਆਂ ਥੱਲੇ, ਕੰਧਾਂ ਉੱਤੇ ਨੀਲ, ਸ਼ਿੰਗਰਫ਼, ਪੀਲੀ ਮਿੱਟੀ ਕਾਲਖ ਜਾਂ ਹਿਰਮਚੀ ਨਾਲ ਕਈ ਪ੍ਰਕਾਰ ਦੇ ਨਮੂਨੇ ਵਾਹੁੰਦੀਆਂ ਹਨ, ਉੱਥੇ ਕੱਤਕ ਮਹੀਨੇ ਵਿਚ ਅਹੋਈ ਦੀ ਮੂਰਤੀ ਵੀ ਕੰਧ ਉਪਰ ਉਲੀਕਦੀਆਂ ਹਨ । ਇਸ ਮੂਰਤੀ ਨੂੰ ਵੀ ਕਈ ਪ੍ਰਕਾਰ ਦੇ ਚਿੱਤਰਾਂ ਨਾਲ ਸਜਾਇਆ ਜਾਂਦਾ ਹੈ। ਪੰਜਾਬ ਦੀਆਂ ਲੋਕ-ਕਲਾਵਾਂ ਦੇ ਅਨੇਕ ਰੂਪ ਹਨ, ਜਿਨ੍ਹਾਂ ਨੂੰ ਨਵੀਂ ਪੀੜ੍ਹੀ ਆਪਣੀ ਪਹਿਲੀ ਪੀੜ੍ਹੀ ਤੋਂ ਸਿੱਖ ਕੇ ਜੀਵਤ ਰੱਖਦੀ ਹੈ।

**ਅਹੋਈ ਮਾਤਾ**

**ਦੀਆਂ ਮੂਰਤੀਆਂ**

**ਸਾਂਝੀ ਮਾਤਾ**

**ਦੀਆਂ ਮੂਰਤੀਆਂ**